بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّی عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਜਲਸਾ ਸਾਲਾਨਾ ਬਰਤਾਨੀਆ ਦੀ ਕਾਮਯਾਬੀ ਲਈ ਦੁਆਵਾਂ ਦੀ ਤਹਿਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 18 ਜੁਲਾਈ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਜ ਵੀ ਫ਼ਤਹਿ ਮੱਕਾ ਦੇ ਵਾਕ਼ਿਆਤ ਦੀ ਹੋਰ ਤਫ਼ਸੀਲ ਬਿਆਨ ਕਰਾਂਗਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਮੱਕੇ ਵਿੱਚ ਠਹਿਰਣ ਬਾਰੇ ਮਤਭੇਦ ਹੈ। ਬੁਖ਼ਾਰੀ ਵਿੱਚ ਦਰਜ ਰਿਵਾਇਤ ਦੇ ਮੁਤਾਬਿਕ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੱਕੇ ਵਿੱਚ 19 ਦਿਨ ਠਹਿਰੇ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੋ ਰਕਅਤਾਂ ਨਮਾਜ਼ ਪੜ੍ਹਦੇ ਯਾਨੀ **ਕ਼ਸਰ** ਕਰਦੇ ਸਨ। ਕੁੱਝ ਰਿਵਾਇਤਾਂ ਵਿੱਚ 17, 18 ਜਾਂ 15 ਦਿਨ ਦਾ ਜ਼ਿਕਰ ਵੀ ਹੈ।

ਕੁੱਝ ਯੋਰਪੀ ਲੇਖਕਾਂ ਨੇ ਵੀ ਫ਼ਤਹਿ ਮੱਕਾ ਦੇ ਬਾਰੇ ਆਪਣੀਆਂ ਕਿਤਾਬਾਂ ਵਿੱਚ ਜ਼ਿਕਰ ਕੀਤਾ ਹੈ। ਉਦਾਹਰਣ ਵੱਜੋਂ **ਵਿਲੀਅਮ ਮਿਓਰ** ਜਿਹੜਾ ਇਕ ਮਸ਼ਹੂਰ ਲੇਖਕ ਹੈ। ਉਸ ਦਾ ਤਅੱਲੁਕ਼ ਸਕਾੱਟਲੈਂਡ ਨਾਲ਼ ਸੀ। ਉਹ ਫ਼ਤਹਿ ਮੱਕਾ ਦਾ ਜ਼ਿਕਰ ਕਰਦੇ ਹੋਏ ਆਪਣੀ ਕਿਤਾਬ **"ਦਾ ਲਾਇਫ਼ ਆੱਫ਼ ਮੁਹੰਮਦ"** ਵਿੱਚ ਲਿਖਦਾ ਹੈ ਕਿ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦਾ ਅਤੀਤ ਦੇ ਸਾਰੇ ਪੁਰਾਣੇ ਕ਼ਸੂਰਾਂ ਨੂੰ ਮੁਆਫ਼ ਕਰਨਾ ਅਤੇ ਉਨ੍ਹਾਂ ਦੀਆਂ ਸਾਰੀਆਂ ਛੋਟੀਆਂ ਵੱਡੀਆਂ ਤਕਲੀਫ਼ਾਂ ਨੂੰ ਭੁਲਾ ਦੇਣਾ ਦਰਅਸਲ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਪਣੇ ਫ਼ਾਇਦੇ ਲਈ ਸੀ ਪਰ ਉਸ ਦੇ ਲਈ ਇੱਕ **ਵੱਡੇ** ਅਤੇ **ਨਰਮ** ਦਿਲ ਦੀ ਲੋੜ ਹੁੰਦੀ ਹੈ।

ਇਸੇ ਤਰ੍ਹਾਂ **ਵਿਲੀਅਮ ਮਿੰਨਟੁਗਮਰੀ** ਜਿਹੜਾ ਇਕ ਸਕਾਟਿਸ਼ ਲੇਖਕ ਹੈ ਅਤੇ ਉਸਨੇ ਇਸਲਾਮ ਅਤੇ ਨਬੀ ਅਕਰਮ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਖ਼ਿਲਾਫ਼ ਬਹੁਤ ਸਖ਼ਤ ਗੱਲਾਂ ਕੀਤੀਆਂ ਹਨ। ਉਹ ਕਹਿੰਦਾ ਹੈ ਕਿ ਮੱਕੇ ਦੇ ਸਰਦਾਰਾਂ ਨੂੰ ਮੁਸਲਮਾਨ ਹੋਣ 'ਤੇ ਮਜਬੂਰ ਨਹੀਂ ਕੀਤਾ ਗਿਆ, ਇਹ ਸਰਦਾਰ ਅਤੇ ਬਾਕ਼ੀ ਬਹੁਤ ਸਾਰੇ ਲੋਕ ਕੁਫ਼ਰ 'ਤੇ ਕ਼ਾਇਮ ਰਹੇ। ਸਭ ਤੋਂ ਵਧ ਕੇ ਉਹ ਮਹਾਰਤ ਜਿਸ ਦੇ ਨਾਲ਼ ਉਨ੍ਹਾਂ ਨੇ (ਯਾਨੀ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ) ਨੇ ਆਪਣੀ ਸਰਬਰਾਹੀ ਵਿੱਚ ਮੌਜੂਦ ਭਾਈਚਾਰੇ ਨੂੰ ਸੰਭਾਲਿਆ ਅਤੇ ਤਕ਼ਰੀਬਨ ਸਾਰੇ ਲੋਕਾਂ ਨੂੰ ਅਹਿਸਾਸ ਦਵਾਇਆ ਕਿ ਉਨ੍ਹਾਂ ਦੇ ਨਾਲ਼ ਇਨਸਾਫ਼ ਕੀਤਾ ਜਾ ਰਿਹਾ ਹੈ। ਇਸ ਚੀਜ਼ ਨੇ ਇਸਲਾਮੀ ਸਮਾਜ ਵਿੱਚ **ਭਾਈਚਾਰਾ**, **ਇਤਮੀਨਾਨ** ਅਤੇ **ਜੋਸ਼** ਦੇ ਜਜ਼ਬਾਤ ਨੂੰ ਉੱਘਾ ਕਰ ਦਿੱਤਾ।

ਫਿਰ ਇੱਕ ਲੇਖਕ ਹੈ **ਆਰਥਰ ਗਿਲਮੈਨ**, ਉਸ ਦਾ ਤਅੱਲੁਕ਼ ਅਮਰੀਕਾ ਨਾਲ਼ ਸੀ। ਉਹ ਕਹਿੰਦਾ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਹ ਗੱਲ ਬੇਹੱਦ ਤਾਰੀਫ਼ ਦੇ ਲਾਇਕ਼ ਹੈ ਕਿ ਜਿਸ ਮੌਕ਼ੇ 'ਤੇ ਅਤੀਤ ਦੇ ਮੱਕੇ ਦੇ ਵਸਨੀਕਾਂ ਦੇ ਜ਼ੁਲਮਾਂ ਦੀ ਯਾਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇੰਤਿਕ਼ਾਮ ਲੈਣ 'ਤੇ ਉਕਸਾ ਸਕਦੀ ਸੀ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ ਫ਼ੌਜ ਨੂੰ ਹਰ ਕ਼ਿਸਮ ਦੇ **ਖ਼ੂਨ ਵਹਾਉਣ** ਤੋਂ ਮਨ੍ਹਾ ਫ਼ਰਮਾਇਆ ਅਤੇ **ਨਿਮਰਤਾ** ਅਤੇ ਖ਼ੁਦਾ ਤਆਲਾ ਦੇ **ਸ਼ੁਕਰ** ਦਾ ਹਰ ਮੁਮਕਿਨ ਇਜ਼ਹਾਰ ਕੀਤਾ।

ਫਿਰ ਲਿਖਦਾ ਹੈ ਕਿ 10 ਜਾਂ 12 ਲੋਕ ਜਿਨ੍ਹਾਂ ਨੇ ਪਹਿਲਾਂ ਵੱਖ ਵੱਖ ਮੌਕ਼ਿਆਂ 'ਤੇ ਨਿਹਾਇਤ **ਵੈਹਸ਼ੀਆਨਾ** ਰਵੱਯੇ ਦਾ ਮੁਜ਼ਾਇਰਾ ਕੀਤਾ ਸੀ, ਉਨ੍ਹਾਂ ਨੂੰ ਸਜ਼ਾ ਦਿੱਤੇ ਜਾਣ ਦਾ ਹੁਕਮ ਹੋਇਆ ਅਤੇ ਉਨ੍ਹਾਂ ਵਿੱਚੋਂ ਚਾਰ ਲੋਕਾਂ ਨੂੰ ਕ਼ਤਲ ਦੀ ਸਜ਼ਾ ਦਿੱਤੀ ਗਈ ਪਰ ਇਸ ਰਵੱਯੇ ਨੂੰ ਦੂਜੇ ਜੇਤੂਆਂ ਦੇ ਰਵੱਯਾਂ ਦੇ ਮੁਕ਼ਾਬਲੇ ਬਹੁਤ ਹੀ ਜ਼ਿਆਦਾ **ਇਨਸਾਨੀਅਤ ਨਾਲ਼ ਭਰਿਆ ਹੋਇਆ** ਕ਼ਰਾਰ ਦੇਣਾ ਚਾਹੀਦਾ ਹੈ। ਲਿਖਦਾ ਹੈ ਕਿ **ਸਲੀਬੀਆਂ** ਦੇ ਜ਼ੁਲਮਾਂ ਦੇ ਮੁਕ਼ਾਬਲੇ, ਜਿਨ੍ਹਾਂ ਨੇ 1099 ਈ: ਵਿੱਚ 70 ਹਜ਼ਾਰ ਮੁਸਲਮਾਨ ਮਰਦਾਂ, ਔਰਤਾਂ ਅਤੇ ਬੇ ਸਹਾਰਾ ਬੱਚਿਆਂ ਨੂੰ ਉਸ ਵੇਲ਼ੇ ਮੌਤ ਦੇ ਘਾਟ ਉਤਾਰ ਦਿੱਤਾ ਜਦ ਯਰੋਸ਼ਲਮ ਉਨ੍ਹਾਂ ਦੇ ਕ਼ਬਜ਼ੇ ਵਿੱਚ ਆਇਆ ਜਾਂ ਅੰਗਰੇਜ਼ ਫ਼ੌਜ ਦੀ ਸਖ਼ਤੀ ਦੇ ਮੁਕ਼ਾਬਲੇ ਵਿੱਚ ਕਿ ਉਹ ਵੀ ਸਲੀਬ ਦੇ ਸਾਏ ਹੇਠ ਹੀ ਲੜੇ ਸਨ, ਜਿਨ੍ਹਾਂ ਨੇ 1874 ਈ: ਦੇ ਯਾਦਗਾਰ ਸਾਲ ਵਿੱਚ ਜੰਗ ਦੇ ਦੌਰਾਨ ਅਫ਼ਰੀਕ਼ਾ ਵਿੱਚ ਗੋਲਡ ਕੋਸਟ (ਘਾਨਾ) ਵਿੱਚ ਮੌਜੂਦ ਇੱਕ ਰਾਜਧਾਨੀ ਨੂੰ ਸਾੜ ਦਿੱਤਾ ਸੀ। ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੀ ਫ਼ਤਿਹ ਹਕ਼ੀਕ਼ਤ ਵਿੱਚ **ਮਜ਼ਹਬ ਦੀ ਫ਼ਤਿਹ** ਸੀ ਨਾ ਕਿ ਸਿਆਸਤ ਦੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਰ ਤਰ੍ਹਾਂ ਦੀਆਂ ਨਿੱਜੀ ਇੱਜ਼ਤ ਦੀਆਂ ਗੱਲਾਂ ਨੂੰ ਰੱਦ ਕਰ ਦਿੱਤਾ ਅਤੇ ਸ਼ਾਹਾਨਾ ਜਿੱਤ ਦੇ ਸਾਰੇ ਤਰੀਕ਼ਿਆਂ ਤੋਂ ਪਰਹੇਜ਼ ਕੀਤਾ ਅਤੇ ਜਦ ਮੱਕੇ ਦੇ ਸਾਰੇ ਹਉਮੈ ਨਾਲ਼ ਭਰੇ ਸਰਦਾਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ ਲਿਆਏ ਗਏ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਕੋਲ਼ੋਂ ਪੁੱਛਿਆ ਕਿ ਤੁਸੀਂ ਮੇਰੇ ਹੱਥੋਂ ਅੱਜ ਕਿਸ ਚੀਜ਼ ਦੀ **ਉਮੀਦ** ਰੱਖਦੇ ਹੋ? ਉਨ੍ਹਾਂ ਨੇ ਕਿਹਾ ਕਿ ਐ ਸਾਡੇ ਦਾਨੀ ਭਾਈ! **ਰਹਿਮ ਦੀ**। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕਿਹਾ, ਤਾਂ ਫਿਰ ਅਜਿਹਾ ਹੀ ਹੋਵੇ, **ਜਾਓ ਤੁਸੀਂ ਸਭ ਆਜ਼ਾਦ ਹੋ**।

ਇੱਕ ਲੇਖਿਕਾ **ਰੂਥ ਕ੍ਰਿਸਟਨ** ਦਾ ਤਅੱਲੁਕ਼ ਵੀ ਅਮਰੀਕਾ ਨਾਲ਼ ਸੀ। ਉਹ ਲਿਖਦੀ ਹੈ ਕਿ ਸਾਲ 630 ਈ: ਦੀ ਸ਼ੁਰੂਆਤ ਵਿੱਚ ਇੱਕ ਦਿਨ ਉਹ ਸ਼ਖ਼ਸ ਜਿਸ ਨੂੰ ਸਿਰਫ਼ 10 ਸਾਲ ਪਹਿਲਾਂ ਸ਼ਹਿਰ 'ਚੋਂ **ਪੱਥਰ ਮਾਰ ਕੇ** ਕੱਢ ਦਿੱਤਾ ਗਿਆ ਸੀ ਅਤੇ ਜਿਸ ਨੂੰ **ਮਜ਼ਾਕ਼ ਦਾ ਨਿਸ਼ਾਨਾ** ਬਣਾਇਆ ਗਿਆ ਸੀ, ਹੁਣ ਆਪਣੇ 10 ਹਜ਼ਾਰ **ਤਜੁਰਬਾਕਾਰ ਸਿਪਾਹੀਆਂ** ਦੇ ਨਾਲ਼ ਸ਼ਹਿਰ ਵਿੱਚ ਦਾਖ਼ਿਲ ਹੋਇਆ। ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੇ ਹੁਕਮ ਦਿੱਤਾ ਸੀ ਕਿ ਕਿਸੇ ਨੂੰ ਕ਼ਤਲ ਨਾ ਕੀਤਾ ਜਾਵੇ, ਸ਼ਹਿਰੀਆਂ ਦੇ ਨਾਲ਼ ਮਿਹਰਬਾਨੀ ਦਾ ਸਲੂਕ ਕੀਤਾ ਜਾਵੇ।

**ਕੈਰਨ ਆਰ੍ਮਸਟ੍ਰਾਁਗ** ਬਰਤਾਨੀਆ ਦੀ ਇੱਕ ਚੰਗੀ ਲੇਖਿਕਾ ਹੈ। ਆਮ ਤੌਰ 'ਤੇ ਬੜੇ ਇਨਸਾਫ਼ ਨਾਲ਼ ਲਿਖਣ ਵਾਲ਼ੀ ਹੈ। ਉਹ ਆਪਣੀ ਕਿਤਾਬ ਵਿੱਚ ਲਿਖਦੀ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਖ਼ੂਨ ਵਹਾਉਣ ਵਾਲ਼ਾ ਇੰਤਿਕ਼ਾਮ ਲੈਣ ਦੀ ਕੋਈ ਖ਼ਾਹਿਸ਼ ਨਹੀਂ ਸੀ। ਕਿਸੇ ਨੂੰ ਇਸਲਾਮ ਕ਼ਬੂਲ ਕਰਨ 'ਤੇ ਮਜਬੂਰ ਨਹੀਂ ਕੀਤਾ ਗਿਆ ਅਤੇ ਨਾ ਹੀ ਅਜਿਹਾ ਲੱਗਦਾ ਹੈ ਕਿ ਕਿਸੇ 'ਤੇ ਕੋਈ ਦਬਾਅ ਪਾਇਆ ਗਿਆ। ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਮੱਕੇ ਇਸ ਲਈ ਨਹੀਂ ਆਏ ਸਨ ਕਿ ਕੁਰੈਸ਼ ਨੂੰ ਜ਼ੁਲਮ ਅਤੇ ਸਿਤਮ ਦਾ ਨਿਸ਼ਾਨਾ ਬਣਾਉਣ ਬਲਕਿ ਇਸ ਲਈ ਆਏ ਸਨ ਕਿ ਉਸ **ਮਜ਼ਹਬ** ਨੂੰ ਖ਼ਤਮ ਕਰ ਦੇਣ, ਜਿਹੜਾ ਉਨ੍ਹਾਂ ਲਈ ਨਾਕਾਮ ਸਾਬਿਤ ਹੋਇਆ ਸੀ। ਮੱਕੇ ਦੀ ਫ਼ਤਿਹ ਦੇ ਜ਼ਰੀਆ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਨੇ **ਨਬੁੱਵਤ** ਦੇ ਆਪਣੇ ਦਾਅਵੇ ਨੂੰ ਸੱਚ ਸਾਬਿਤ ਕਰ ਦਿੱਤਾ। ਇਹ ਫ਼ਤਿਹ **ਬਗ਼ੈਰ ਕਿਸੇ ਕ਼ਿਸਮ ਦੇ ਖ਼ੂਨ ਵਹਾਉਣ ਦੇ** ਹਾਸਿਲ ਹੋਈ ਸੀ ਅਤੇ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੀ **ਪੁਰ ਅਮਨ ਪਾਲਸੀ** ਕਾਮਯਾਬ ਰਹੀ। ਕੁੱਝ ਹੀ ਸਾਲਾਂ ਵਿੱਚ ਮੱਕੇ ਵਿੱਚੋਂ **ਬੁੱਤ ਪਰਸਤੀ** ਦਾ ਖ਼ਾਤਮਾ ਹੋ ਗਿਆ ਅਤੇ ਇਕਰਮਾ ਅਤੇ ਸੁਹੈਲ ਵਰਗੇ ਸਖ਼ਤ ਤਰੀਨ ਦੁਸ਼ਮਣ **ਮੁਖ਼ਲਿਸ** ਅਤੇ **ਪੁਰਜੋਸ਼** ਮੁਸਲਮਾਨ ਬਣ ਗਏ।

ਫ਼ਤਿਹ ਮੱਕਾ ਦੀ ਤਫ਼ਸੀਲ ਵਿੱਚ ਅਬਦੁੱਲਾਹ ਬਿਨ ਅਬੀ ਸਰਹ ਦੇ ਕ਼ਬੂਲਿ ਇਸਲਾਮ ਦਾ ਵੀ ਜ਼ਿਕਰ ਮਿਲ਼ਦਾ ਹੈ। ਇਹ ਸ਼ਖ਼ਸ ਪਹਿਲਾਂ ਮੁਸਲਮਾਨ ਸੀ, **ਕਾਤਿਬਿ ਵਹੀ** (ਆਕਾਸ਼ਬਾਣੀ ਲਿਖਣ ਵਾਲ਼ਾ) ਵੀ ਸੀ। ਪਰ ਉਸ ਨੂੰ ਠੋਕਰ ਲੱਗੀ ਅਤੇ ਉਹ ਮੁਰਤਦ ਹੋ ਕੇ ਮੱਕੇ ਆ ਗਿਆ। ਫ਼ਤਿਹ ਮੱਕਾ ਦੇ ਮੌਕ਼ੇ 'ਤੇ ਜਿਨ੍ਹਾਂ ਲੋਕਾਂ ਨੂੰ ਕ਼ਤਲ ਕਰਨ ਦਾ ਹੁਕਮ ਦਿੱਤਾ ਗਿਆ ਉਨ੍ਹਾਂ ਵਿੱਚ ਅਬਦੁੱਲਾਹ ਬਿਨ ਅਬੀ ਸਰਹ ਦਾ ਨਾਮ ਵੀ ਸੀ। ਪਰ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਨੇ ਉਸ ਨੂੰ **ਪਨਾਹ** ਦਿੱਤੀ ਅਤੇ ਉਹ ਆਪ ਰਜ਼ਿ ਅੱਲਾਹੁ ਅਨਹੁ ਦੇ ਘਰ ਵਿੱਚ ਕਿਤੇ ਲੁਕਿਆ ਰਿਹਾ। ਇੱਕ ਦਿਨ ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਬੈਅਤ ਲੈ ਰਹੇ ਸਨ ਤਾਂ ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਉਸ ਨੂੰ ਵੀ ਲੈ ਆਏ। ਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਕੁੱਝ ਦੇਰ ਤਾਂ ਟਾਲ਼ਿਆ ਅਤੇ ਫਿਰ ਉਸਦੀ ਬੈਅਤ ਲੈ ਲਈ। ਇਹ ਬਾਅਦ

ਵਿੱਚ ਮਿਸ੍ਰ ਦੇ ਗਵਰਨਰ ਵੀ ਰਹੇ ਅਤੇ ਅਫ਼ਰੀਕ਼ਾ ਦੇ ਇੱਕ ਇਲਾਕ਼ੇ ਨੂੰ ਫ਼ਤਿਹ ਕਰਨ ਵਾਲੇ ਸਨ। ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਦੇ ਰਜ਼ਾਈ ਭਾਈ ਸਨ ਪਰ ਆਪ ਰਜ਼ਿ ਅੱਲਾਹੁ ਅਨਹੁ ਦੀ ਸ਼ਹਾਦਤ ਦੇ ਬਾਅਦ ਫ਼ਿਤਨਿਆਂ ਤੋਂ ਵੱਖ ਹੋ ਗਏ ਸਨ। ਜ਼ਿਕਰ ਆਉਂਦਾ ਹੈ ਕਿ ਉਨ੍ਹਾਂ ਨੇ ਦੁਆ ਕੀਤੀ ਸੀ ਕਿ ਉਨ੍ਹਾਂ ਦਾ ਆਖ਼ਰੀ ਅਮਲ **ਨਮਾਜ਼** ਹੋਵੇ। ਚੁਨਾਂਚੇ ਇੱਕ ਦਿਨ ਸਵੇਰ ਦੀ ਨਮਾਜ਼ ਦੇ ਵੇਲੇ ਸਲਾਮ ਫੇਰਦੇ ਹੋਏ ਉਨ੍ਹਾਂ ਦੀ **ਵਫ਼ਾਤ** ਹੋ ਗਈ।

ਇਕਰਮਾ ਬਿਨ ਅਬੂ ਜਹਲ ਨੂੰ ਵੀ ਯਕ਼ੀਨ ਸੀ ਕਿ ਉਸ ਨੂੰ ਜ਼ਰੂਰ ਸਜ਼ਾ ਮਿਲੇਗੀ। ਚੁਨਾਂਚੇ ਉਸ ਨੇ ਵੀ ਸਮੁੰਦਰ ਦੇ ਰਸਤੇ ਯਮਨ ਜਾਣ ਦਾ ਫ਼ੈਸਲਾ ਕੀਤਾ। ਉਸ ਦੀ ਬੀਵੀ ਉੱਮਿ ਹਕੀਮ ਰਜ਼ਿ ਅੱਲਾਹੁ ਅਨਹਾ ਨੇ ਇਸਲਾਮ ਕ਼ਬੂਲ ਕਰ ਲਿਆ ਸੀ। ਉਹ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਈ ਅਤੇ ਅਰਜ਼ ਕੀਤਾ ਕਿ ਇਕਰਮਾ ਨੂੰ ਖ਼ਤਰਾ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸਨੂੰ ਕ਼ਤਲ ਕਰਵਾ ਦਿਓਗੇ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਸਨੂੰ **ਅਮਾਨ** ਦੇ ਦਿਓ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਉਹ **ਅਮਾਨ** ਵਿੱਚ ਹੈ। ਚੁਨਾਂਚੇ ਇਕਰਮਾ ਦੀ ਬੀਵੀ ਉਸਦੇ ਕੋਲ ਪਹੁੰਚੀ ਅਤੇ ਉਸਨੂੰ ਕਿਹਾ ਕਿ ਮੈਂ ਤੁਹਾਡੇ ਕੋਲ ਉਸ ਇਨਸਾਨ ਵੱਲੋਂ ਆਈ ਹਾਂ ਜਿਹੜਾ ਲੋਕਾਂ ਵਿੱਚੋਂ ਸਭ ਤੋਂ ਜ਼ਿਆਦਾ **ਜੋੜਨ ਵਾਲਾ** ਅਤੇ ਲੋਕਾਂ ਵਿੱਚੋਂ ਸਭ ਤੋਂ ਜ਼ਿਆਦਾ **ਨੇਕ** ਅਤੇ ਲੋਕਾਂ ਵਿੱਚੋਂ ਸਭ ਤੋਂ ਜ਼ਿਆਦਾ **ਖ਼ੈਰਖਾਹ** ਹੈ। ਤੁਸੀਂ ਆਪਣੀ ਜਾਨ ਨੂੰ ਹਲਾਕਤ ਵਿੱਚ ਨਾ ਪਾਓ ਕਿਉਂਕਿ ਮੈਂ ਤੁਹਾਡੇ ਲਈ ਅਮਾਨ ਤਲਬ ਕਰ ਚੁੱਕੀ ਹਾਂ। ਚੁਨਾਂਚੇ ਇਕਰਮਾ ਵਾਪਿਸ ਆਇਆ ਅਤੇ ਉਸ ਨੇ ਇਸਲਾਮ ਕ਼ਬੂਲ ਕਰ ਲਿਆ।

ਜਿਨ੍ਹਾਂ ਲੋਕਾਂ ਦੇ ਕ਼ਤਲ ਦਾ ਹੁਕਮ ਹੋਇਆ ਸੀ ਉਨ੍ਹਾਂ ਵਿੱਚ ਉਹ ਸ਼ਖ਼ਸ ਵੀ ਸ਼ਾਮਿਲ ਸੀ ਜਿਹੜਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬੇਟੀ ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਦੀ ਹਲਾਕਤ ਦਾ ਕਾਰਨ ਸੀ। ਉਸ ਸ਼ਖ਼ਸ ਨੇ ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਦੇ ਊਠ ਦੀ ਕਾਠੀ ਦਾ ਤਸਮਾ, ਜਿਸ ਨਾਲ ਉਸਨੂੰ ਕੱਸਿਆ ਜਾਂਦਾ ਹੈ, ਵੱਢ ਦਿੱਤਾ ਸੀ ਅਤੇ ਆਪ ਰਜ਼ਿ ਅੱਲਾਹੁ ਅਨਹਾ ਊਠ ਤੋਂ ਥੱਲੇ ਡਿੱਗ ਗਈ ਸਨ ਜਿਸਦੀ ਵਜ੍ਹਾ ਨਾਲ ਉਨ੍ਹਾਂ ਦਾ ਗਰਭ ਜ਼ਾਇਆ ਹੋ ਗਿਆ ਅਤੇ ਕੁੱਝ ਅਰਸੇ ਬਾਅਦ ਉਹ ਸ਼ਹੀਦ ਹੋ ਗਈ। ਇਹ ਸ਼ਖ਼ਸ ਭੱਜ ਕੇ ਇਰਾਨ ਚਲਾ ਗਿਆ ਪਰ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ ਅਤੇ ਮੁਆਫ਼ੀ ਦਾ ਤਲਬਗਾਰ ਹੋਇਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਸ਼ਖ਼ਸ ਨੂੰ ਵੀ ਮੁਆਫ਼ ਕਰ ਦਿੱਤਾ।

ਇਸੇ ਤਰ੍ਹਾਂ ਕਾਅਬ ਬਿਨ ਜ਼ੁਹੈਰ ਦੇ ਕ਼ਬੂਲਿ ਇਸਲਾਮ ਦਾ ਵਾਕ਼ਿਆ ਹੈ। ਇਹ ਸ਼ਖ਼ਸ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਸਖ਼ਤ ਦੁਸ਼ਮਣ ਸੀ। ਸ਼ਾਇਰ ਸੀ ਅਤੇ ਆਪਣੀ ਸ਼ਾਇਰੀ ਨਾਲ ਇਸਲਾਮ ਅਤੇ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਖ਼ਿਲਾਫ਼ ਸ਼ਰ ਫੈਲਾਇਆ ਕਰਦਾ ਸੀ। ਇਹ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ ਅਤੇ ਆਪਣੀ ਸ਼ਨਾਖ਼ਤ ਜ਼ਾਹਿਰ ਕੀਤੇ ਬਿਨਾ ਕਾਅਬ ਬਿਨ ਜ਼ੁਹੈਰ ਦੇ ਲਈ ਮੁਆਫ਼ੀ ਦਾ ਤਲਬਗਾਰ ਹੋਇਆ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਮੁਆਫ਼ ਕਰ ਦਿੱਤਾ ਤਾਂ ਉਸਨੇ ਕਿਹਾ ਕਿ **ਕਾਅਬ** ਮੈਂ ਹੀ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਮੁਆਫ਼ ਕਰ ਦਿੱਤਾ। ਕਾਅਬ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਇੱਕ ਸ਼ਾਨਦਾਰ ਕ਼ਸੀਦਾ ਵੀ ਪੇਸ਼ ਕੀਤਾ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਆਪਣੀ **ਚਾਦਰ** ਅਤਾ ਕੀਤੀ, ਇਸੇ ਵਜ੍ਹਾ ਨਾਲ ਇਹ ਕ਼ਸੀਦਾ **ਕ਼ਸੀਦਾ ਬੁਰਦਾ** ਕਹਾਉਂਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਤਾਰੀਖ਼ ਵਿੱਚ ਇਮਾਮ ਬੌਸੀਰੀ ਰਹਮਤੁੱਲਾਹਿ ਅਲੈਹਿ ਦਾ ਕ਼ਸੀਦਾ ਵੀ **ਕ਼ਸੀਦਾ ਬੁਰਦਾ** ਕਹਾਉਂਦਾ ਹੈ। ਇਸ ਨੂੰ ਵੀ **ਕ਼ਸੀਦਾ ਬੁਰਦਾ** ਦਾ ਇਸ ਲਈ ਕਿਹਾ ਜਾਂਦਾ ਹੈ ਕਿ ਜਦ ਉਨ੍ਹਾਂ ਨੇ ਨਬੀ ਅਕਰਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸ਼ਾਨ ਵਿੱਚ ਇਹ ਕ਼ਸੀਦਾ ਲਿਖਿਆ ਤਾਂ ਉਨ੍ਹਾਂ ਨੂੰ ਖ਼ਾਬ ਵਿੱਚ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ **ਚਾਦਰ ਮੁਬਾਰਕ** ਉੜ੍ਹਾਈ ਜਿਹੜੀ ਉਨ੍ਹਾਂ ਦੀ ਨੀਂਦ ਖੁੱਲ੍ਹਣ ਦੇ ਵੇਲੇ ਵੀ ਉਨ੍ਹਾਂ ਦੇ ਮੋਢਿਆਂ 'ਤੇ ਮੌਜੂਦ ਸੀ। ਕਿਹਾ ਜਾਂਦਾ ਹੈ ਕਿ ਇਮਾਮ ਬੌਸੀਰੀ ਰਹਮਤੁੱਲਾਹਿ ਅਲੈਹਿ ਨੂੰ ਫ਼ਾਲਿਜ ਸੀ ਅਤੇ ਇਸ ਚਾਦਰ ਦੀ ਬਰਕਤ ਨਾਲ ਸ਼ਿਫਾਯਾਬ ਹੋ ਗਏ। ਬਹਰਹਾਲ ਇਹ ਇੱਕ ਕਹਾਣੀ ਹੈ ਜੋ ਬਿਆਨ ਕੀਤੀ ਜਾਂਦੀ ਹੈ, ਅਜਿਹੀਆਂ ਕਹਾਣੀਆਂ ਵੀ ਆ ਜਾਂਦੀਆਂ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕੁੱਝ ਹੋਰ ਸ਼ਦੀਦ ਦੁਸ਼ਮਣਾਂ ਦੇ ਕ਼ਬੂਲਿ ਇਸਲਾਮ ਦਾ ਵੀ ਜ਼ਿਕਰ ਹੈ ਅਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਮੁਆਫ਼ੀ ਮਿਲੀ ਉਹ ਵੀ ਜ਼ਿਕਰ ਆਇੰਦਾ ਕਰਾਂਗਾ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅਗਲੇ ਜੁਮਏ ਤੋਂ ਇੰਨਸ਼ਾ ਅੱਲਾਹ ਤਆਲਾ **ਜਮਾਅਤ ਅਹਮਦਿੱਯਾ ਬਰਤਾਨੀਆ** ਦਾ **ਜਲਸਾ ਸਲਾਨਾ** ਸ਼ੁਰੂ ਹੋ ਰਿਹਾ ਹੈ। ਇਸ ਦੇ ਲਈ ਵੀ ਦੁਆ ਕਰੋ, ਅੱਲਾਹ ਤਆਲਾ ਆਪਣੇ ਫ਼ਜ਼ਲ ਨਾਲ਼ ਇਸ ਜਲਸੇ ਨੂੰ ਕਾਮਯਾਬ ਕਰੇ ਅਤੇ ਆਪਣੇ ਫ਼ਜ਼ਲਾਂ ਨਾਲ਼ ਇਸ ਨੂੰ ਨਵਾਜ਼ਦਾ ਰਹੇ। ਅੱਲਾਹ ਤਆਲਾ ਹਰ ਸ਼ਰੀਰ ਅਤੇ ਨੁਕ਼ਸਾਨ ਪਹੁੰਚਾਉਣ ਵਾਲ਼ੇ ਅਤੇ ਨੁਕ਼ਸਾਨ ਪਹੁੰਚਾਉਣ ਦੀ ਨੀਅਤ ਰੱਖਣ ਵਾਲ਼ੇ ਦੇ ਸ਼ਰ ਤੋਂ ਬਚਾਵੇ। ਜਿਹੜੇ ਮਹਿਮਾਨ ਮੁਲਕ ਦੇ ਅੰਦਰੋਂ ਅਤੇ ਬਾਹਰੋਂ ਆ ਰਹੇ ਹਨ ਅੱਲਾਹ ਤਆਲਾ ਉਨ੍ਹਾਂ ਨੂੰ **ਸੁੱਖ ਸਾਂਦ** ਨਾਲ਼ ਪਹੁੰਚਾਵੇ ਅਤੇ ਇੱਥੇ ਵੀ ਖ਼ੈਰੀਅਤ ਨਾਲ਼ ਰੱਖੇ।ਆਮੀਨ। ਲੋਕਾਂ ਦੇ ਜਿਹੜੇ ਨਿੱਜੀ ਮਹਿਮਾਨ ਜਲਸੇ ਲਈ ਆ ਰਹੇ ਹਨ ਜਾਂ ਜਿਹੜੇ ਜਮਾਅਤੀ ਪ੍ਰਬੰਧ ਨਾਲ਼ ਆ ਰਹੇ ਹਨ, ਮਹਿਮਾਨ ਨਿਵਾਜ਼ੀ ਦੇ ਸ਼ੋਅਬੇ ਦੇ ਤਹਿਤ ਉਨ੍ਹਾਂ ਦਾ ਇੰਤਿਜ਼ਾਮ ਹੋਵੇਗਾ, ਅੱਲਾਹ ਤਆਲਾ ਹਰ ਮੇਜ਼ਬਾਨ ਨੂੰ ਇਨ੍ਹਾਂ ਮਹਿਮਾਨਾਂ ਦੀ ਮਹਿਮਾਨ ਨਵਾਜ਼ੀ ਦਾ ਹੱਕ਼ ਅਦਾ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ। ਆਮੀਨ।

ਕਾਰਕੁਨਾਨ ਬੜੇ ਸ਼ੌਕ਼ ਅਤੇ ਜਜ਼ਬੇ ਨਾਲ਼ ਡਿਊਟੀਆਂ ਲਈ ਖ਼ੁਦ ਨੂੰ ਪੇਸ਼ ਕਰਦੇ ਹਨ, ਅੱਲਾਹ ਤਆਲਾ ਉਨ੍ਹਾਂ ਸਭ ਕਾਰਕੁਨਾਨ ਨੂੰ ਵੀ ਖ਼ਿਦਮਤ ਦੀ ਤੌਫ਼ੀਕ਼ ਦੇਵੇ। ਨਿਹਾਇਤ **ਇੱਜ਼ਤ** ਅਤੇ **ਅਹਿਤਰਾਮ** ਅਤੇ **ਨਰਮੀ** ਅਤੇ **ਖ਼ੁਸ਼ ਮਿਜ਼ਾਜੀ** ਨਾਲ਼ ਇਹ ਮਹਿਮਾਨਾਂ ਦੀ ਖ਼ਿਦਮਤ ਕਰਨ।

ਕਈ ਵਾਰ ਕੰਮ ਦੀ ਜ਼ਿਆਦਤੀ ਅਤੇ ਨੀਂਦ ਦੀ ਕਮੀ ਦੀ ਵਜ੍ਹਾ ਨਾਲ਼ ਕੁੱਝ ਕਾਰਕੁਨਾਨ ਦੀ **ਖ਼ੁਸ਼ ਮਿਜ਼ਾਜੀ** 'ਤੇ ਅਸਰ ਪੈਂਦਾ ਹੈ ਪਰ ਹਰ ਕਾਰਕੁਨ ਨੂੰ ਇਹ ਸੋਚ ਕੇ ਇਹ ਦਿਨ ਗੁਜ਼ਾਰੇ ਚਾਹੀਦੇ ਹਨ ਕਿ ਸਾਨੂੰ ਅੱਲਾਹ ਤਆਲਾ ਨੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਮਹਿਮਾਨਾਂ ਦੀ ਖ਼ਿਦਮਤ ਦੀ ਤੌਫ਼ੀਕ਼ ਦਿੱਤੀ ਹੈ, ਇਸ ਲਈ ਇਸ ਦੇ ਲਈ ਅਸੀਂ ਹਰ ਕ਼ੁਰਬਾਨੀ ਕਰਨ ਦੇ ਲਈ ਆਪਣੇ ਆਪ ਨੂੰ ਤਿਆਰ ਰੱਖਾਂਗੇ ਅਤੇ ਹਰ ਸੂਰਤਿ ਹਾਲ ਵਿੱਚ ਸਾਡੇ ਚਿਹਰਿਆਂ 'ਤੇ **ਮੁਸਕੁਰਾਹਟ** ਰਹੇਗੀ।

ਕਾਰਕੁਨਾਨ ਅਫ਼ਸਰ ਹੋਣ ਜਾਂ ਮੁਆਵਿਨ, ਲੜਕੀਆਂ, ਲੜਕੇ, ਮਰਦ, ਔਰਤਾਂ ਚਾਹੇ ਉਹ ਕਿਸੇ ਵੀ ਸ਼ੋਅਬੇ ਵਿੱਚ ਹਨ, ਸਭ ਨੂੰ ਹਮੇਸ਼ਾ ਆਪਣੇ ਚਿਹਰੇ 'ਤੇ **ਮੁਸਕੁਰਾਹਟ** ਦੇ ਨਾਲ਼ ਆਪਣੇ ਕੰਮ ਅੰਜਾਮ ਦੇਣੇ ਚਾਹੀਦੇ ਹਨ। ਅੱਲਾਹ ਤਆਲਾ ਇਸ ਦੀ ਤੌਫ਼ੀਕ਼ ਦੇਵੇ। ਆਮੀਨ। ਪਰ ਨਾਲ਼ ਹੀ ਹਰ ਇੱਕ 'ਤੇ **ਗਹਿਰੀ ਨਜ਼ਰ** ਵੀ ਰੱਖਣੀ ਚਾਹੀਦੀ ਹੈ ਤਾਂ ਜੋ ਕਿਸੇ ਨੂੰ ਕਦੀ ਕੋਈ ਸ਼ਰ ਫੈਹਿਲਾਉਣ ਦੀ ਜੁਰਤ ਪੈਦਾ ਨਾ ਹੋਵੇ। ਅੱਲਾਹ ਤਆਲਾ ਸਭ ਕਾਰਕੁਨਾਨ ਨੂੰ ਅਹਸਨ ਰੰਗ ਵਿੱਚ ਖ਼ਿਦਮਤ ਦੀ ਤੌਫ਼ੀਕ਼ ਦੇਵੇ ਅਤੇ ਇਹ ਅੱਲਾਹ ਤਆਲਾ ਦੇ ਫ਼ਜ਼ਲਾਂ ਨੂੰ ਹਾਸਿਲ ਕਰਨ ਵਾਲ਼ੇ ਬਣਨ। ਆਮੀਨ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞